# ਬੀ.ਸੀ. ਵਿੱਚ ਫਿਰੌਤੀ: ਇੱਕ ਸਾਂਝੀ ਕਾਰਵਾਈ

ਬਿਰਿਟਸ ਕੋਲੰਬੀਆ ਭਰ ਵਿੱਚ ਪੁਲਿਸ ਸਥਾਨਕ, ਖੇਤਰੀ, ਸੂਬਾਈ ਅਤੇ ਫੈਡਰਲ ਪੱਧਰਾਂ 'ਤੇ ਇਕੱਠੇ ਕੰਮ ਕਰ ਰਹੀ ਹੈ। ਜਾਣਕਾਰੀ ਸਾਂਝੀ ਕਰਨ ਅਤੇ ਸਾਂਝੀਆਂ ਜਾਂਚਾਂ ਰਾਹੀਂ ਪੁਲਿਸ ਸੁੰਗਿਠਤ ਜਬਰ-ਵਸੂਲੀ ਗਤੀਵਿਧੀਆਂ ਨੂੰ ਨਿਸਾਨਾ ਬਣਾ ਰਹੀ ਹੈ ਤਾਂ ਜੋ ਕਿਮਊਨਿਟੀਆਂ ਦੀ ਸੁਰੱਖਿਆ ਕੀਤੀ ਜਾ ਸਕੇ।

ਜਬਰ-ਵਸੂਲੀ ਦੀ ਸਮੱਸਿਆ ਦਾ ਹੱਲ ਕੇਵਲ ਪੁਲਿਸੰਗ ਨਾਲ ਨਹੀਂ ਕੀਤਾ ਜਾ ਸਕਦਾ। ਪੁਲਿਸ ਸਰਕਾਰ, ਕਿਮਊਨਿਟੀ ਅਤੇ ਵਪਾਰਿਕ ਭਾਗੀਦਾਰਾਂ ਨਾਲ ਮਿਲ ਕੇ ਰੋਕਥਾਮ, ਕਾਨੂੰਨੀ ਕਾਰਵਾਈ ਅਤੇ ਕਿਮਊਨਿਟੀ ਸੁਰੱਖਿਆ ਨੂੰ ਮਜਬੂਤ ਕਰਨ ਲਈ ਕੰਮ ਕਰ ਰਹੀ ਹੈ।

## ਬੀ. ਸੀ. ਪ੍ਰੋਵਿੰਸਅਲ ਐਕਸਟੌਰਸਨ ਟਾਸਕ ਫੋਰਸ

ਬਰਿਟਿਸ ਕੋਲੰਬੀਆ ਭਰ ਦੀ ਪੁਲਿਸ ਖੇਤਰੀ, ਸੂਬਾਈ ਅਤੇ ਫੈਡਰਲ ਪੱਧਰ 'ਤੇ ਮਿਲ ਕੇ ਕੰਮ ਕਰ ਰਹੀ ਹੈ। ਭਾਈਚਾਰਿਆਂ ਦੀ ਸੁਰੱਖਿਆ ਲਈ ਇੰਟੈਲੀਜੈਂਸ ਸਾਂਝੀ ਕਰਕੇ ਅਤੇ ਤਾਲਮੇਲ ਨਾਲ ਕੀਤੀਆਂ ਜਾ ਰਹੀਆਂ ਜਾਂਚਾਂ ਰਾਹੀਂ ਫਿਰੌਤੀ ਦੀਆਂ ਗਤੀਵਿਧੀਆਂ ਨੂੰ ਨਿਸਾਨਾ ਬਣਾਇਆ ਜਾ ਰਿਹਾ ਹੈ।

CBSA | Delta Police Department | Abbotsford Police Department | RCMP | Surrey Police Service | Metro Vancouver Transit Police | CFSEU-BC

## BC RCMP ਦੀ ਸਹਾਇਤਾ

ਬਰਿਟਿਸ ਕੋਲੰਬੀਆ ਦੀ ਸੂਬਾਈ ਪੁਲਿਸ ਵਿਭਾਗ ਹੋਣ ਦੇ ਨਾਤੇ, BC RCMP ਇਸ ਟਾਸਕ ਫੋਰਸ ਅਤੇ ਸਥਾਨਕ ਪੁਲਿਸ ਦੀ ਸਹਾਇਤਾ ਲਈ ਵਿਸੇਸ ਇਨਫੋਰਸਮੈਂਟ ਅਤੇ ਵਾਧੂ ਪੁਲਿਸ ਸਰੋਤ ਮੁਹੱਈਆ ਕਰਵਾਉਂਦੀ ਹੈ, ਜਿਸ ਵਿੱਚ ਪੁਲਿਸ ਡੌਗ ਸਰਵਿਸਿਜ , ਐਮਰਜੈਂਸੀ ਰਿਸਪਾਂਸ ਟੀਮਾਂ, BC ਹਾਈਵੇਅ ਪੈਟਰੋਲ, ਏਅਰ ਸਰਵਿਸਿਜ ਅਤੇ CFSEU-BC ਸਾਮਲ ਹਨ।

## ਜਬਰ-ਵਸੂਲੀ ਬਾਰੇ ਕਿਮਊਨਿਟੀ ਸਲਾਹਕਾਰ ਸਮੂਹ

ਜਬਰ-ਵਸੂਲੀ ਬਾਰੇ ਕਿਮਊਨਿਟੀ ਸਲਾਹਕਾਰ ਸਮੂਹ ਪਰਭਾਵਿਤ ਕਿਮਊਨਿਟੀਆਂ ਅਤੇ ਪੁਲਿਸ ਦਰਿਮਆਨ ਭਰੋਸੇ ਅਤੇ ਸੰਚਾਰ ਨੂੰ ਮਜਬੂਤ ਕਰਦਾ ਹੈ। ਇਹ ਸਮੂਹ ਪੁਲਿਸ ਨਾਲ ਸਲਾਹ-ਮਸਵਰਾ ਕਰਕੇ ਅਤੇ ਕਿਮਊਨਿਟੀ ਦੇ ਨਜਰੀਏ ਨੂੰ ਸਾਮਲ ਕਰਕੇ ਰੋਕਥਾਮ, ਪੀੜਤ ਸਹਾਇਤਾ ਅਤੇ ਲੰਬੇ ਸਮੇਂ ਦੇ ਹੱਲਾਂ ਨੂੰ ਮਜਬੂਤ ਬਣਾਉਣ ਵਿੱਚ ਯੋਗਦਾਨ ਪਾਉਂਦਾ ਹੈ।

## ਰਾਸਟਰੀ ਪੁਲਿਸ ਸਹਿਯੋਗ

ਜਬਰ-ਵਸੂਲੀ ਇੱਕ ਰਾਸਟਰੀ ਸਮੱਸਿਆ ਹੈ, ਅਤੇ ਬੀ.ਸੀ. ਦੀ ਪੁਲਿਸ ਹੋਰ ਸੂਬਿਆਂ ਦੀਆਂ ਪੁਲਿਸ ਏਜੰਸੀਆਂ ਅਤੇ ਫੈਡਰਲ ਭਾਗੀਦਾਰਾਂ, ਜਿਸ ਵਿੱਚ RCMP ਅਤੇ ਕੈਨੇਡਾ ਬਾਰਡਰ ਸਰਿਵਿਸਜ ਏਜੰਸੀ ਵੀ ਸਾਮਲ ਹਨ, ਨਾਲ ਨੇੜੇ ਤੋਂ ਮਿਲ ਕੇ ਕੰਮ ਕਰ ਰਹੀ ਹੈ। ਇਹ ਸਿਹਯੋਗ ਖੁਫੀਆ ਜਾਣਕਾਰੀ ਅਧਾਰਿਤ ਅਤੇ ਦੇਸ- ਪੱਧਰੀ ਸਾਂਝੀ ਕਾਰਵਾਈ ਰਾਹੀਂ ਕੀਤਾ ਜਾ ਰਿਹਾ ਹੈ।

## ਸਥਾਨਕ ਪੁਲਿਸ ਕਾਰਵਾਈ

ਸਥਾਨਕ ਪੁਲਿਸ ਨਿਸਾਨਾਬੰਦੀ ਕੀਤੀਆਂ ਕਾਨੂੰਨੀ ਕਾਰਵਾਈਆਂ ਦੀ ਅਗਵਾਈ ਕਰ ਰਹੀ ਹੈ, ਜਿਸ ਵਿੱਚ ਸਰੀ ਪੁਲਿਸ ਸਿਰਵਸ ਨਾਲ ਪਰੋਜੈਕਟ ਅਸੋਰੈਂਸ, ਐਬਟਸਫੋਰਡ ਪੁਲਿਸ ਡਿਪਾਰਟਮੈਂਟ ਨਾਲ ਓਪਰੇਸਨ ਕਿਮਊਨਿਟੀ ਸ ਿਲਡ, ਡੈਲਟਾ ਪੁਲਿਸ ਡਿਪਾਰਟਮੈਂਟ ਵੱਲੋਂ ਕੇਂਦਿਰਤ ਕਾਰਵਾਈਆਂ ਅਤੇ CFSEU-BC ਵੱਲੋਂ ਸਹਾਇਤਾ ਸਾਮਲ ਹੈ।

ਫਿਰੌਤੀ ਇੱਕ ਅਪਰਾਧ ਹੈ।
ਪੈਸੇ ਨਾ ਦਿਓ ਅਤੇ ਕੋਈ ਜਵਾਬ ਨਾ ਦਿਓ। ਸਬੂਤ ਸੰਭਾਲ ਕੇ ਰੱਖੋ ਅਤੇ ਤੁਰੰਤ ਪੁਲਿਸ ਨਾਲ ਸੰਪਰਕ ਕਰੋ।
ਜੇਕਰ ਕੋਈ ਤੁਰੰਤ ਖ਼ਤਰਾ ਹੋਵੇ ਤਾਂ 911 'ਤੇ ਕਾਲ ਕਰੋ।

**ਹੋਰ ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰੋ – ਫਿਰੌਤੀ ਨੂੰ ਰੋਕੋ** →